# ਪ੍ਰਧਾਨ ਮੰਤਰੀ ਦੀ ਮਹਾਮਹੀਮ - ਭੂਟਾਨ ਦੇ ਚੌਥੇ ਰਾਜਾ ਨਾਲ ਮੁਲਾਕਾਤ

ਮਾਰਚ 22, 2024

ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ, ਅੱਜ, ਭੂਟਾਨ ਦੇ ਥਿੰਫੂ ਵਿੱਚ, ਭੂਟਾਨ ਦੇ ਚੌਥੇ ਰਾਜਾ ਮਹਾਮਹਿਮ ਜਿਗਮੇ ਸਿੰਗੇ ਵੈਂਗਚੁਕ ਨਾਲ ਮੁਲਾਕਾਤ ਕੀਤੀ।

2. ਮਹਾਮਹਿਮ, ਭੂਟਾਨ ਦੇ ਚੌਥੇ ਰਾਜਾ ਨੇ ਪ੍ਰਧਾਨ ਮੰਤਰੀ ਦੇ ਭੂਟਾਨ ਆਗਮਨ 'ਤੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਪ੍ਰਧਾਨ ਮੰਤਰੀ ਨੇ, ਚੌਥੇ ਰਾਜਾ ਦਾ, ਭਾਰਤ-ਭੂਟਾਨ ਸਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਉਨ੍ਹਾਂ ਦੀ ਅਗਵਾਈ, ਦ੍ਰਿਸ਼ਟੀ ਅਤੇ ਯੋਗਦਾਨ ਲਈ, ਧੰਨਵਾਦ ਕੀਤਾ। ਦੋਵਾਂ ਨੇਤਾਵਾਂ ਨੇ ਭਾਰਤ-ਭੂਟਾਨ ਦੋਸਤੀ ਅਤੇ ਸਹਿਯੋਗ ਨਾਲ ਜੁੜੇ ਵੱਖ-ਵੱਖ ਮੁੱਦਿਆਂ ਦੇ ਨਾਲ-ਨਾਲ, ਆਪਸੀ ਹਿੱਤਾਂ ਦੇ ਖੇਤਰੀ ਮੁੱਦਿਆਂ 'ਤੇ ਵਿਚਾਰ-ਚਰਚਾ ਕੀਤੀ।

3. ਭਾਰਤ-ਭੂਟਾਨ ਭਾਈਵਾਲੀ ਹਰ ਪੱਧਰ 'ਤੇ ਬਹੁਤ ਜ਼ਿਆਦਾ ਵਿਸ਼ਵਾਸ, ਸਦਭਾਵਨਾ ਅਤੇ ਆਪਸੀ ਸਮਝ ਦੀ ਵਿਸ਼ੇਸ਼ਤਾ 'ਤੇ ਅਧਾਰਿਤ ਹੈ, ਜਿਸ ਨੂੰ ਲੋਕਾਂ ਦੇ ਆਪਸੀ, ਜੀਵੰਤ ਸਬੰਧਾਂ ਦੁਆਰਾ ਮਜਬੂਤੀ ਮਿਲਦੀ ਹੈ।

**ਥਿੰਫੂ**
**ਮਾਰਚ 22, 2024**